Punjabi - Number 92b
Child Development Series - April 2022

# ਜਨਮ ਤੋਂ 3 ਸਾਲਾਂ ਤੱਕ ਤੁਹਾਡੇ ਬੱਚੇ ਦਾ ਵਿਕਾਸ
## Your Child's Development From Birth to 3 Years

ਸ਼ੁਰੂ ਦੇ ਕੁੱਝ ਮਹੀਨਿਆਂ ਅਤੇ ਸਾਲਾਂ ਦੇ ਤਜਰਬੇ ਤੁਹਾਡੇ ਬੱਚੇ ਦੀ ਬਾਕੀ ਸਾਰੀ ਉਮਰ ਲਈ ਉਹਨਾਂ ਦੀ ਸਿਹਤ, ਅਤੇ ਤੰਦਰੁਸਤੀ ਨੂੰ ਪ੍ਰਭਾਵਿਤ ਕਰਦੇ ਹਨ। ਤੁਹਾਡੀ ਦੇਖਭਾਲ, ਪਾਲਣ ਪੋਸ਼ਣ ਅਤੇ ਸੁਰੱਖਿਅਤ ਪਰਵਰਿਸ਼ ਤੁਹਾਡੇ ਬੱਚੇ ਦੇ ਸਿਹਤਮੰਦ ਵਿਕਾਸ ਨੂੰ ਯਕੀਨੀ ਬਣਾਉਣ ਵਿੱਚ ਸਹਾਇਤਾ ਕਰਦੇ ਹਨ।

ਬੱਚੇ ਦੇ ਵਿਕਾਸ ਨੂੰ ਸਮਝਣਾ ਤੁਹਾਨੂੰ ਇਹ ਜਾਣਨ ਵਿਚ ਸਹਾਇਤਾ ਕਰ ਸਕਦਾ ਹੈ ਕਿ ਕੀ ਉਮੀਦ ਕਰਨੀ ਹੈ ਅਤੇ ਆਪਣੇ ਬੱਚੇ ਦੀ ਸਿਹਤਮੰਦ ਢੰਗ ਨਾਲ ਵਧਣ ਵਿੱਚ ਮਦਦ ਕਰਨ ਲਈ ਤੁਸੀਂ ਕੀ ਕਰ ਸਕਦੇ ਹੋ। ਜ਼ਿੰਦਗੀ ਦੇ ਮੁਢਲੇ ਸਾਲਾਂ ਵਿੱਚ, ਤੁਹਾਡੇ ਬੱਚੇ ਦਾ ਵਿਵਹਾਰ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਉਹ ਕਿਵੇਂ ਬਦਲ ਅਤੇ ਵਧ ਰਹੇ ਹਨ, ਬਾਰੇ ਦੱਸਦਾ ਹੈ। ਤੁਹਾਡੇ ਬੱਚੇ ਦੇ ਅਨੋਖੇ ਸੰਕੇਤਾਂ ਨੂੰ ਸੁਣਨਾ ਤੁਹਾਨੂੰ ਉਹਨਾਂ ਦੇ ਤੇਜ਼ੀ ਨਾਲ ਵਧਣ ਅਤੇ ਵਿਕਾਸ ਦੇ ਸਾਲਾਂ ਵਿੱਚ ਬਹੁਤ ਸਹਾਇਤਾ ਕਰ ਸਕਦਾ ਹੈ। ਰੋਚਕ ਵਿਕਾਸ ਜਾਂ ਵਾਧੇ ਦੇ ਸਮਿਆਂ ਦੌਰਾਨ ਤੁਹਾਡਾ ਬੱਚਾ ਰਾਤ ਵਿੱਚ ਜ਼ਿਆਦਾ ਵਾਰੀ ਜਾਗ ਸਕਦਾ ਹੈ।

ਇੱਥੇ ਵਰਣਿਤ ਬਾਲ ਵਿਕਾਸ ਦੇ ਪੜਾਅ ਸਿਰਫ ਦਿਸ਼ਾ ਨਿਰਦੇਸ਼ ਹਨ, ਨਿਯਮਾਂ ਦਾ ਸੈਟ ਨਹੀਂ। ਹਰ ਬੱਚਾ ਆਪਣੀ ਗਤੀ ਨਾਲ ਵਿਕਸਿਤ ਹੁੰਦਾ ਹੈ। ਜੇ ਤੁਹਾਨੂੰ ਆਪਣੇ ਬੱਚੇ ਦੇ ਵਿਕਾਸ ਬਾਰੇ ਕੋਈ ਚਿੰਤਾਵਾਂ ਹਨ, ਤਾਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ।

### ਜਨਮ ਤੋਂ 3 ਮਹੀਨਿਆਂ ਤੱਕ ਤੁਹਾਡਾ ਬੱਚਾ:

- ਜਨਮ ਤੋਂ ਹੀ ਮਾਤਾ-ਪਿਤਾ ਦੀਆਂ ਆਵਾਜ਼ਾਂ ਪਹਿਚਾਣਦਾ ਹੈ
- ਆਪਣੀ ਆਵਾਜ਼ ਨੂੰ ਲੱਭ ਲੈਂਦਾ ਹੈ
- ਅੱਖਾਂ ਦੇ ਸੰਪਰਕ ਦਾ ਅਨੰਦ ਲੈਂਦਾ ਹੈ, ਲੋਕਾਂ 'ਤੇ ਮੁਸਕਰਾਉਂਦਾ ਹੈ ਅਤੇ ਚਿਹਰਿਆਂ ਨੂੰ ਧਿਆਨ ਨਾਲ ਦੇਖਦਾ ਹੈ
- ਆਪਣੀਆਂ ਜ਼ਰੂਰਤਾਂ ਦੱਸਣ ਲਈ ਰੋਂਦਾ ਹੈ
- ਜਦੋਂ ਧਿਆਨ ਦਿੱਤਾ ਜਾਏ ਤਾਂ ਖੁਸ਼ੀ ਨਾਲ ਕੂਕਦਾ ਅਤੇ ਗਰਰ ਗਰਰ ਦੀ ਆਵਾਜ਼ ਕਰਦਾ ਹੈ
- ਆਵਾਜ਼ ਸੁਣਕੇ ਹੈਰਾਨ ਹੁੰਦਾ ਹੈ ਅਤੇ ਸਮੇਂ ਸਿਰ ਆਵਾਜ਼ ਪ੍ਰਤੀ ਪ੍ਰਤੀਕ੍ਰਿਆ ਕਰਦਾ ਹੈ
- ਬਾਂਹਾਂ ਅਤੇ ਲੱਤਾਂ ਨੂੰ ਅਕੜਾਉਂਦਾ ਜਾਂ ਹਿਲਾਉਂਦਾ ਹੈ
- ਜਦੋਂ ਪੇਟ ਭਾਰ ਪਿਆ ਹੋਵੇ ਤਾਂ ਸਿਰ ਚੁੱਕਦਾ ਹੈ
- ਆਵਾਜ਼ਾਂ ਅਤੇ ਹਿੱਲ ਜੁੱਲ ਨੂੰ ਵੇਖਣ ਲਈ ਸਿਰ ਉਪਰ ਚੁੱਕਦਾ ਹੈ
- ਇੱਕ ਪਾਸੇ ਪਾਸਾ ਮੋੜਦਾ ਹੈ
- ਹੱਥਾਂ ਪੈਰਾਂ ਨੂੰ ਮਹਿਸੂਸ ਕਰਦਾ ਹੈ ਅਤੇ ਚੀਜ਼ਾਂ ਨੂੰ ਫੜਦਾ ਹੈ
- ਹਿੱਲ ਰਹੀਆਂ ਚੀਜ਼ਾਂ ਵੱਲ ਅੱਖਾਂ ਮੋੜਦਾ ਹੈ

### 3 ਤੋਂ 6 ਮਹੀਨਿਆਂ ਤੱਕ ਤੁਹਾਡਾ ਬੱਚਾ:

- ਲਗਭਗ 90 ਡਿਗਰੀ ਤੱਕ ਸਿਰ ਚੁੱਕਦਾ ਹੈ
- ਕੁਝ ਸਹਾਰੇ ਨਾਲ ਬੈਠਦਾ ਹੈ
- ਸਹਾਰੇ ਨਾਲ ਖੜ੍ਹਾ ਹੁੰਦਾ ਹੈ
- ਅੱਗੇ ਤੋਂ ਪਾਸੇ ਵੱਲ ਅਤੇ ਫਿਰ ਸਾਰੀਆਂ ਦਿਸ਼ਾਵਾਂ ਵਿਚ ਪਾਸਾ ਲੈਂਦਾ ਹੈ
- ਚੀਜ਼ਾਂ ਨੂੰ ਫੜਦਾ ਅਤੇ ਛੱਡਦਾ ਹੈ
- ਆਪਣੇ ਨਾਮ ਨੂੰ ਸੁਣ ਕੇ ਪ੍ਰਤੀਕ੍ਰਿਆ ਕਰਦਾ ਹੈ
- ਸਮਾਜਕ ਮੇਲ ਮਿਲਾਪ ਵਿੱਚ ਖੁਸ਼ ਹੁੰਦਾ ਹੈ
- ਰੰਗਾਂ ਵਿੱਚ ਦਿਲਚਸਪੀ ਦਰਸ਼ਾਉਂਦਾ ਹੈ
- ਚਿਹਰੇ ਪਹਿਚਾਣਦਾ ਹੈ ਅਤੇ ਜਾਣੇ ਪਹਿਚਾਣੇ ਲੋਕਾਂ ਲਈ ਪਸੰਦ ਦਰਸਾਉਂਦਾ ਹੈ
- ਜਦੋਂ ਖੁਸ਼ ਹੋਵੇ ਤਾਂ ਹੱਸਦਾ ਹੈ ਅਤੇ ਕਿਲਕਾਰੀਆਂ ਮਾਰਦਾ ਹੈ
- 6 ਮਹੀਨਿਆਂ ਤਕ ਸਮਝ ਜਾਂਦਾ ਹੈ ਕਿ ਇਕ ਚੀਜ਼ ਅਜੇ ਵੀ ਮੌਜੂਦ ਹੈ ਭਾਵੇਂ ਉਹ ਉਸਨੂੰ ਦੇਖ ਨਹੀਂ ਸਕਦੇ

### 6 ਤੋਂ 12 ਮਹੀਨਿਆਂ ਤੱਕ ਤੁਹਾਡਾ ਬੱਚਾ:

- ਉਹਨਾਂ ਦੇ ਨਾਮ ਨੂੰ ਪਹਿਚਾਣਦਾ ਹੈ
- "ਮੰਮੀ" ਜਾਂ "ਡੈਡੀ" ਜਿਹੇ ਕਈ ਸ਼ਬਦਾਂ ਤੇ ਪ੍ਰਤੀਕ੍ਰਿਆ ਕਰਦਾ ਹੈ
- ਆਵਾਜ਼ਾਂ ਕਰਦਾ ਹੈ ਜਾਂ ਦੁਹਰਾਉਂਦਾ ਹੈ ਜਾਂ ਸ਼ੋਰ ਪਾਉਂਦਾ ਹੈ
- ਹੋਰ ਬੱਚਿਆਂ ਜਾਂ ਲੋਕਾਂ ਦੀਆਂ ਸਾਦੀਆਂ ਹਰਕਤਾਂ ਦੀ ਨਕਲ ਕਰਦਾ ਹੈ
- ਪਸੰਦਾਂ ਜਾਂ ਨਾਪਸੰਦਾਂ ਬਾਰੇ ਤਿੱਖੀਆਂ ਭਾਵਨਾਵਾਂ ਅਤੇ ਜਜ਼ਬਾਤ ਦਰਸਾਉਂਦਾ ਹੈ ਅਤੇ ਖੁਸ਼ੀ ਜਾਂ ਦੁੱਖ ਦਰਸਾਉਂਦਾ ਹੈ
- ਲੰਮੇ ਸਮਿਆਂ ਲਈ ਬਿਨਾਂ ਸਹਾਇਤਾ ਦੇ ਲਗਾਤਾਰ ਬੈਠਦਾ ਹੈ
- ਬਿਨਾਂ ਢੱਕਣ ਦੇ ਕੱਪ ਤੋਂ ਪਾਣੀ ਪੀਂਦਾ ਹੈ
- ਮਦਦ ਨਾਲ ਜਾਂ ਫੜਸ ਜਾਣ ਵਲੇ ਪੱਕੀ ਤਰ੍ਹਾਂ ਖੜ੍ਹਾ ਹੁੰਦਾ ਹੈ
- ਪੇਟ ਭਾਰ ਹਿੱਲ ਜਾਂ ਖਿਸਕ ਸਕਦਾ ਹੈ ਅਤੇ ਫਿਰ ਰਿੜ੍ਹ ਸਕਦਾ ਹੈ
- 8 ਅਤੇ 18 ਮਹੀਨਿਆਂ ਦੇ ਵਿਚਕਾਰ, ਪਹਿਲੇ ਕਦਮ ਚੁੱਕਦਾ ਅਤੇ ਆਪਣੇ ਆਪ ਚੱਲਦਾ ਹੈ
- ਰਿੜ੍ਹ ਕੇ ਅਤੇ ਚੱਲ ਕੇ ਖੁਸ਼ ਹੁੰਦਾ ਹੈ
- ਆਪਣੇ ਦੇਖਭਾਲ ਕਰਨ ਵਾਲੇ ਦਾ ਬਹੁਤ ਸਾਰੀ ਤਵੱਜੋ ਪ੍ਰਾਪਤ ਕਰਨਾ ਪਸੰਦ ਕਰਦਾ ਹੈ
- ਅਣਜਾਣ ਲੋਕਾਂ ਨੂੰ ਦੇਖ ਕੇ ਡਰ ਜਾਂਦਾ ਹੈ ਅਤੇ ਜੇ ਮਾਤਾ-ਪਿਤਾ ਚਲੇ ਜਾਣ ਤਾਂ ਰੋਂਦਾ ਹੈ
- ਖਿਡੌਣਿਆਂ ਜਾਂ ਚੀਜ਼ਾਂ ਨੂੰ ਜਾਣ ਕੇ ਸੁੱਟਦਾ ਹੈ
- ਸਮਾਜਿਕ ਖੇਡਾਂ, ਜਿਵੇਂ ਕਿ 'ਪੀਕਾਬੂ' ਜਾਂ 'ਪੈਟੀ ਕੇਕ' ਖੇਡਦਾ ਹੈ

## 12 ਤੋਂ 18 ਮਹੀਨਿਆਂ ਤੱਕ ਤੁਹਾਡਾ/ਡੇ ਬੱਚਾ/ਚੇ:

- ਕੋਲ ਕਾਫੀ ਊਰਜਾ ਹੁੰਦੀ ਹੈ ਅਤੇ ਉਹ ਹਰ ਇੱਲ ਚੀਜ਼ ਦੀ ਪੜਤਾਲ ਕਰਨਾ ਚਾਹੁੰਦਾ ਹੈ
- ਉਂਗਲਾਂ ਜਾਂ ਚਮਚ ਵਰਤ ਕੇ ਆਪਣੇ ਆਪ ਖਾ ਸਕਦਾ ਹੈ
- ਪੰਘੂੜੇ ਵਿੱਚੋਂ ਬਾਹਰ ਨਿਕਲ ਸਕਦਾ ਹੈ
- ਆਪਣੇ ਆਪ ਚੱਲਦਾ ਹੈ ਅਤੇ ਇੱਕ ਇੱਕ ਕਰ ਕੇ ਪੌੜੀਆਂ ਚੜ੍ਹਦਾ ਹੈ
- "ਮੰਮੀ ਗਈ?" ਜਾਂ "ਸਭ ਹੋ ਗਿਆ" ਵਰਗੇ ਛੋਟੇ ਵਾਕਾਂ ਵਿੱਚ ਗੱਲ ਕਰਦਾ ਹੈ
- ਸਾਦੇ ਵਾਕਾਂ ਨੂੰ ਸਮਝਦਾ ਹੈ ਅਤੇ 1 ਸ਼ਬਦ ਵਾਲੇ ਵਾਕ ਬੋਲਦਾ ਹੈਂ।ਉਦਾਹਰਣ ਲਈ, "ਮੈਨੂੰ ਹੋਰ ਚਾਹੀਦਾ ਹੈ" ਦੀ ਥਾਂ "ਹੋਰ "
- ਕਿਤਾਬ ਵਿਚ ਫੋਟੋਆਂ ਦੇ ਨਾਮ ਲੈਂਦਾ ਹੈ
- ਸਰਲ ਨਿਰਦੇਸ਼ਾਂ ਦੀ ਪਾਲਣਾ ਕਰਦਾ ਹੈ
- ਜਿੰਨ੍ਹਾਂ ਬੋਲ ਸਕਦੇ ਹਨ ਉਸ ਤੋਂ ਵੱਧ ਸਮਝਦੇ ਹਨ
- ਤਵੱਜੋ ਪ੍ਰਾਪਤ ਕਰਕੇ ਖੁਸ਼ ਹੁੰਦਾ ਹੈ
- ਆਪਣੇ ਆਪ ਸਭ ਤੋਂ ਵਧੀਆ ਖੇਡਦੇ ਹਨ ਅਤੇ ਖਿਡੌਣੇ ਸਾਂਝੇ ਕਰਨ ਦੀ ਸੰਭਾਵਨਾ ਨਹੀਂ ਹੈ
- ਮਾਤਾ-ਪਿਤਾ ਵੱਲੋਂ ਨਿਸ਼ਚਿਤ ਸੀਮਾਵਾਂ ਨਾਲ ਸਹਿਮਤੀ ਜਾਂ ਵਿਰੋਧ ਕਰਦਾ ਹੈ
- ਆਸਾਨੀ ਨਾਲ ਨਿਰਾਸ਼ ਹੋ ਜਾਂਦਾ ਹੈ
- ਘੱਟ ਰੋਂਦਾ ਹੈ ਪਰ ਹੁਣ ਜ਼ਿਆਦਾ ਬਿਲਕ ਸਕਦਾ ਹੈ ਜਾਂ ਰੋਣਹਾਕੇ ਢੰਗ ਨਾਲ ਗੱਲ ਕਰ ਸਕਦਾ ਹੈ
- "ਨਾ" ਸ਼ਬਦ ਸਹੀ ਤਰੀਕੇ ਨਾਲ ਵਰਤਦਾ ਹੈ ਜਾਂ ਸਿਰ ਹਿਲਾਉਂਦਾ ਹੈ
- ਦਾ ਇੱਕ ਵਿਸ਼ੇਸ਼ ਖਿਡੌਣਾ ਜਾਂ ਕੰਬਲ ਹੋ ਸਕਦਾ ਹੈ
- ਯਾਦਦਾਸ਼ਤ ਬਹੁਤ ਘੱਟ ਹੁੰਦੀ ਹੈ ਅਤੇ ਮੁੜ ਕੇ ਹਰਕਤਾਂ ਕਰਦਾ ਹੈ ਭਾਵੇਂ ਤੁਸੀਂ ਉਨ੍ਹਾਂ ਨੂੰ ਅਜਿਹਾ ਨਾ ਕਰਨ ਲਈ ਕਹੋ। ਹੋ ਸਕਦਾ ਹੈ ਕਿ ਤੁਹਾਡੇ ਕਹਿਣ ਦੇ ਉਲਟ ਕੰਮ ਕਰੇ

## 18 ਤੋਂ 36 ਮਹੀਨਿਆਂ ਤੱਕ ਤੁਹਾਡਾ ਬੱਚਾ:

- 2 ਜਾਂ 3- ਸ਼ਬਦਾਂ ਵਾਲੇ ਵਾਕ ਵਰਤਦਾ ਹੈ
- ਸ਼ਬਦਾਂ ਜਾਂ ਇਸ਼ਾਰਿਆਂ ਨਾਲ ਮਦਦ ਮੰਗਦਾ ਹੈ
- ਗਿਣਤੀ ਕਰ ਸਕਦਾ ਹੈ ਅਤੇ ਨਵੇਂ ਸ਼ਬਦ ਵਰਤ ਸਕਦਾ ਹੈ
- ਆਕਾਰਾਂ ਅਤੇ ਸਾਈਜ਼ਾਂ ਨੂੰ ਸਮਝਦਾ ਹੈ
- ਕਈ ਸਾਰੇ ਜਜ਼ਬਾਤ ਦਰਸਾਉਂਦਾ ਹੈ
- ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਦਾ ਅਤੇ ਉਨ੍ਹਾਂ ਪ੍ਰਤੀ ਪ੍ਰਤੀਕ੍ਰਿਆ ਕਰਨਾ ਸਿਖਦਾ ਹੈ
- ਸ਼ਾਬਾਸ਼ੀ ਚਾਹੁੰਦਾ ਹੈ ਅਤੇ ਉਸ ਨੂੰ ਪ੍ਰਸ਼ੰਸਾ ਦੀ ਲੋੜ ਹੁੰਦੀ ਹੈ
- ਬਹੁਤ ਸਾਰੇ ਸੁਆਲ ਪੁੱਛਦਾ ਹੈ
- ਬੇਨਤੀਆਂ, ਜਿਵੇਂ ਕਿ 'ਆਪਣਾ ਕੋਟ ਲਿਆਓ', ਤੇ ਪ੍ਰਤੀਕਿਰਿਆ ਕਰਦਾ ਹੈ
- ਹੌਲੀ ਹੌਲੀ 1 ਹੱਥ ਨਾਲੋਂ ਦੂਜੇ ਨੂੰ ਜ਼ਿਆਦਾ ਵਰਤਦਾ ਹੈ
- ਪੌੜੀਆਂ ਚੜ੍ਹ ਅਤੇ ਉਤਰ ਸਕਦਾ ਹੈ
- ਤਿੰਨਾਂ ਪਹੀਆਂ ਵਾਲੀ ਸਾਈਕਲ ਚਲਾਉਣਾ ਸਿੱਖ ਸਕਦਾ ਹੈ
- ਦੌੜ ਸਕਦਾ ਹੈ, ਚੜ੍ਹ ਸਕਦਾ ਹੈ, ਕਿੱਕ ਮਾਰ ਸਕਦਾ ਹੈ ਅਤੇ ਬਾਲ ਸੁੱਟ ਸਕਦਾ ਹੈ
- ਸੰਗੀਤ ਨਾਲ ਨੱਚਦਾ ਹੈ
- ਕਹਾਣੀਆਂ ਸੁਣਾਉਂਦਾ ਹੈ, ਗਾਣੇ ਗਾਉਂਦਾ ਹੈ ਅਤੇ ਖੇਡਦਾ ਹੈ
- ਜ਼ਿਆਦਾ ਕੰਮ ਆਪਣੇ ਆਪ ਕਰਨ ਦੀ ਕੋਸ਼ਿਸ਼ ਕਰਦਾ ਹੈ
- ਘਰ ਦੇ ਸਰਲ ਕੰਮਾਂ ਵਿਚ ਮਦਦ ਕਰਦਾ ਹੈ, ਜਿਵੇਂ ਕਿ ਲੌਂਡਰੀ ਨੂੰ ਡਰਾਇਰ ਵਿੱਚੋ ਕੱਢਣਾ
- ਕੋਈ ਚੀਜ਼ ਸਾਂਝੀ ਕਰਨੀ ਔਖੀ ਲੱਗਦੀ ਹੈ ਅਤੇ 'ਨਹੀਂ' ਜਾਂ 'ਮੇਰਾ' ਕਹਿੰਦਾ ਹੈ
- ਰੁਟੀਨਾਂ ਨਾਲ ਜਾਣੂ ਹੋ ਜਾਂਦਾ ਹੈ ਅਤੇ ਉਨ੍ਹਾਂ ਦਾ ਅਨੰਦ ਲੈਂਦਾ ਹੈ
- ਜਾਣੇ ਪਹਿਚਾਣੇ ਲੋਕਾਂ ਨੂੰ ਪਹਿਚਾਣਦਾ ਅਤੇ ਉਨ੍ਹਾਂ ਦੇ ਨਾਮ ਲੈਂਦਾ ਹੈ
- ਨਵੇਂ ਵਿਅਕਤੀ, ਚੀਜ਼ ਜਾਂ ਆਵਾਜ਼ ਵਿੱਚ ਦਿਲਚਸਪੀ ਦਿਖਾਉਂਦਾ ਹੈ
- ਇਕੱਲਿਆਂ ਅਤੇ ਹੋਰ ਬੱਚਿਆਂ ਦੇ ਨਜ਼ਦੀਕ ਖੇਡ ਕੇ ਖੁਸ਼ ਹੁੰਦਾ ਹੈ
- 36 ਮਹੀਨਿਆਂ ਦਾ ਹੋਣ ਤੇ, ਦੂਜਿਆਂ ਨਾਲ ਵਿਖਾਵੇ ਵਾਲੀ ਖੇਡ ਖੇਡਣ ਵਿੱਚ ਖੁਸ਼ ਹੁੰਦਾ ਹੈ
- ਖਾਸ ਲਿੰਗ ਨਾਲ ਆਪਣੀ ਪਛਾਣ ਕਰਨਾ ਸ਼ੁਰੂ ਕਰ ਸਕਦਾ ਹੈ
- ਜ਼ਿਆਦਾ ਦੇਰ ਦਿਲਚਸਪੀ ਦਿਖਾਉਂਦਾ ਹੈ
- ਗਲਤੀਆਂ ਕਰ ਕਰ ਕੇ ਸਮੱਸਿਆਵਾਂ ਹੱਲ ਕਰਦਾ ਹੈ
- ਸਮੂਹਕ ਗਤੀਵਿਧੀਆਂ ਵਿੱਚ ਹਿੱਸਾ ਲੈਂਦਾ ਹੈ
- ਖੁੱਲ੍ਹੇ ਰੂਪ ਵਿੱਚ ਪਿਆਰ ਦਰਸਾਉਂਦਾ ਹੈ ਜਿਵੇਂ ਕਿ ਜੱਫੀ ਪਾਉਣਾ
- ਸਮਾਜਿਕ ਬੋਲੀ, ਜਿਵੇਂ ਕਿ ਕਿਰਪਾ ਕਰਕੇ (ਪਲਈਓਸਏ) ਅਤੇ ਧੰਨਵਾਦ, ਵਰਤਦਾ ਹੈ
- ਬਾਲਗ  ਵਿਵਹਾਰਾਂ ਦੀ ਨਕਲ ਕਰਦਾ ਹੈ
- ਕਈ ਵਾਰ ਨਿਰਾਸ਼ ਹੋ ਜਾਂਦਾ ਹੈ ਕਿਉਂਕਿ ਉਹ ਜਿੰਨਾ ਕਰ ਸਕਦਾ ਹੈ ਉਸ ਨਾਲੋਂ ਜ਼ਿਆਦਾ ਕਰਨਾ ਚਾਹੁੰਦਾ ਹੈ
- ਅਸਲ ਅਤੇ ਕਾਲਪਨਿਕ ਖ਼ਤਰਿਆਂ ਜਾਂ ਅਸਹਿਜ ਹਾਲਤਾਂ ਬਾਰੇ ਚਿੰਤਤ ਹੋਣਾ ਸ਼ੁਰੂ ਕਰ ਸਕਦਾ ਹੈ।

## ਹੋਰ ਜਾਣਕਾਰੀ ਲਈ

ਬੱਚੇ ਦੀ ਸਿਹਤ ਅਤੇ ਵਿਕਾਸ ਬਾਰੇ ਹੋਰ ਜਾਣਕਾਰੀ ਲਈ, ਹੇਠਾਂ ਦਿੱਤੇ ਸਾਧਨ ਦੇਖੋ:

- HealthLinkBC File #92a ਤੁਹਾਡੇ ਬੱਚਾ ਅਤੇ ਖੇਡ
- HealthLinkBC File #92c ਤੁਹਾਡੇ ਬੱਚੇ ਦੀਆਂ ਭਾਵਨਾਵਾਂ
- HealthLinkBC File #92d ਟਾਇਲਟ ਸਿੱਖਿਆ
- HealthLinkBC File #92e Time for Bed

ਬੇਬੀਜ਼ ਬੇਸਟ ਚਾਂਸ (See Baby's Best Chance) ਇੱਥੇ ਦੇਖੋ:

- www.healthlinkbc.ca/pregnancy-parenting/babys-best-chance

ਟੌਡਲਰਜ਼ ਫਸਟ ਸਟੈਪਸ (See Toddler's First Steps) ਇੱਥੇ ਦੇਖੋ:

- www.healthlinkbc.ca/pregnancy-parenting/toddlers-first-steps